ਵਿਸ਼ਾ:-ਸੈਲਫ ਪ੍ਰੋਪੈਲਡ ਫੌਰੇਜ ਕੱਟਰ/ਹਾਰਵੈਸਟਰ ਲਈ ਸਬਸਿਡੀ ਦੇਣ ਦੀ ਰੂਪ ਰੇਖਾ।

---

ਆਰ.ਕੇ.ਵੀ.ਵਾਈ.ਸਕੀਮ ਅਧੀਨ ਉਲੀਕੇ ਗਏ ਡੇਅਰੀ ਫਾਰਮਿੰਗ ਦੇ ਮਸੀਨੀਕਰਨ ਪ੍ਰੋਗਰਾਮ ਨੂੰ ਉਤਸਾਹਿਤ ਕਰਨ ਲਈ ਸੈਲਫ ਪ੍ਰੋਪੈਲਡ ਫੌਰੇਜ ਕੱਟਰ/ਹਾਰਵੈਸਟਰ ਤੇ ਸਬਸਿਡੀ ਦੇਣ ਲਈ ਦਿਸਾ ਨਿਰਦੇਸ ਹੇਠ ਲਿਖੇ ਅਨੁਸਾਰ ਹਨ:-

| | | |
|---|---|---|
| 1. | ਸਬਸਿਡੀ ਦੀ ਦਰ | 50% |
| 2. | ਸਬਸਿਡੀ ਦੀ ਅਧਿਕਤਮ ਰਾਸੀ | 1.00 ਲੱਖ ਰੁਪਏ ਪ੍ਰਤੀ ਫਾਰਮ ਹੋਵੇਗੀ |

**ਲਾਭਪਾਤਰੀ ਦੀ ਯੋਗਤਾ**

- ਲਾਭਪਾਤਰੀ ਕੋਲ ਘੱਟ ਤੋਂ ਘੱਟ 10 ਦੁੱਧਾਰੂ ਪਸੂ ਹੋਣ ।
- ਉਸ ਨੇ ਡੇਅਰੀ ਵਿਕਾਸ ਵਿਭਾਗ ਤੋਂ ਸਵੈ-ਰੋਜਗਾਰ ਸਕੀਮ ਅਧੀਨ/ਪੰਜਾਬ ਡੇਅਰੀ ਵਿਕਾਸ ਬੋਰਡ/ਗਡਵਾਸੂ ਤੋਂ ਘੱਟ ਤੋਂ ਘੱਟ ਦੋ ਹਫਤੇ ਦੀ ਸਿਖਲਾਈ ਪ੍ਰਾਪਤ ਕੀਤੀ ਹੋਵੇ।
- ਲਾਭਪਾਤਰੀ ਨੇ ਸੈਲਫ ਪ੍ਰੋਪੈਲਡ ਫੌਰੇਜ ਕੱਟਰ/ਹਾਰਵੈਸਟਰ ਦੀ ਖਰੀਦ, ਬੈਂਕ ਤੋਂ ਕਰਜਾ ਲੈ ਕੇ ਜਾਂ ਆਪਣੇ ਸਾਧਨਾ ਰਾਹੀਂ ਕੀਤੀ ਹੋਵੇ (ਕਰਜਾ ਲੈਣ ਦੀ ਸੂਰਤ ਵਿੱਚ ਬੈਂਕ ਦਾ ਸੈਕਸਨ ਲੈਟਰ/ਡਿਸਬਰਸਮੈਂਟ ਲੈਟਰ ਨੱਥੀ ਕੀਤਾ ਜਾਵੇਗਾ)।
- ਲਾਭਪਾਤਰੀ ਨੇ ਵਿਭਾਗ ਵਲੋਂ ਨਿਰਧਾਰਿਤ ਮਾਪਦੰਡਾ ਅਨੁਸਾਰ ਸੈਲਫ ਪ੍ਰੋਪੈਲਡ ਫੌਰੇਜ ਕੱਟਰ/ਹਾਰਵੈਸਟਰ ਦੀ ਖਰੀਦ ਕੀਤੀ ਹੋਵੇ। ਜਿਸ ਵਿੱਚ ਨਿਰਧਾਰਤ ਕੀਤੀਆਂ ਕੰਪਨੀਆਂ ਤੋਂ ਹੀ ਖਰੀਦ ਕੀਤੀ ਜਾਵੇਗੀ।

**ਸੈਲਫ ਪ੍ਰੋਪੈਲਡ ਫੌਡਰ ਰੀਪਰ ਦੀਆਂ ਸਪੈਸੀਫਿਕੇਸਨਾਂ**

- ਇਹ ਮਸੀਨ ਘਟੋਂ ਘੱਟ 10 ਹਾਰਸ ਪਾਵਰ ਦੇ ਡੀਜਲ ਇੰਜਨ ਨਾਲ ਲੈਸ ਹੋਣੀ ਚਾਹੀਦੀ ਹੈ।
- ਇਸ ਮਸੀਨ ਦੇ ਕੱਟਰ ਬਾਰ ਦੀ ਚੌੜਾਈ ਘੱਟੋਂ ਘੱਟ 4 ਫੁੱਟ ਹੋਣੀ ਚਾਹੀਦੀ ਹੈ।
- 4 ਅਗਲੇ ਅਤੇ 1 ਰਿਵਰਸ ਗੇਅਰ ਹੋਣਾ ਚਾਹੀਦਾ ਹੈ।
- ਕਪੈਸਟੀ-1 ਘੰਟੇ ਪ੍ਰਤੀ ਏਕੜ ਤੋਂ ਘੱਟ ਨਹੀਂ ਹੋਣੀ ਚਾਹੀਦੀ ਹੈ।
- ਕਟਿੰਗ ਹਾਈਟ 5-7 ਸੈਂਟੀਮੀਟਰ ਹੋਣੀ ਚਾਹੀਦੀ ਹੈ।

**ਕਾਰਜ ਵਿਧੀ**

ਲਾਭਪਾਤਰੀ ਨਿਰਧਾਰਤ ਪ੍ਰੋਫਾਰਮੇ ਵਿੱਚ ਆਪਣਾ ਬੇਨਤੀ ਪੱਤਰ ਆਪਣੇ ਜਿਲੇ ਦੇ ਡੇਅਰੀ ਵਿਕਾਸ ਵਿਭਾਗ ਦੇ ਅਧਿਕਾਰੀ ਨੂੰ ਸੌਂਪੇਗਾ। ਉਸ ਦੇ ਬਿਨੈ-ਪੱਤਰ ਦੀ ਵੈਰੀਫਿਕੇਸਨ ਵਿਭਾਗ ਵਲੋਂ ਨਿਰਧਾਰਤ ਕਮੇਟੀ ਵਲੋਂ ਕੀਤੀ ਜਾਵੇਗੀ, ਜੋ ਹੇਠ ਲਿਖੇ ਅਨੁਸਾਰ ਹੈ:-

| | |
|---|---|
| ਡੇਅਰੀ ਵਿਕਾਸ ਵਿਭਾਗ ਦਾ ਜਿਲ੍ਹਾ ਅਧਿਕਾਰੀ | ਪ੍ਰਧਾਨ |
| ਕੇਸ ਸਪਾਂਸਰ ਕਰਨ ਵਾਲੇ ਅਦਾਰੇ ਦਾ ਕਰਮਚਾਰੀ | ਮੈਂਬਰ |
| ਸਬੰਧਤ ਏਰੀਏ ਦਾ ਡੇਅਰੀ ਵਿਕਾਸ ਇੰਸਪੈਕਟਰ | ਮੈਂਬਰ |

- ਡੇਅਰੀ ਵਿਕਾਸ ਵਿਭਾਗ ਦਾ ਜਿਲ੍ਹਾ ਅਧਿਕਾਰੀ ਕਮੇਟੀ ਵਲੋਂ ਵੈਰੀਫਿਕੇਸਨ ਉਪਰੰਤ ਯੋਗ ਲਾਭਪਾਤਰੀਆਂ ਦੇ ਬਿਨੈ-ਪੱਤਰ ਡਾਇਰੈਕਟਰ, ਡੇਅਰੀ ਵਿਕਾਸ ਵਿਭਾਗ ਨੂੰ ਭੇਜੇਗਾ। ਜੋ ਉਨ੍ਹਾ ਵਧੀਕ ਮੁੱਖ ਕਾਰਜਕਾਰੀ ਪੀ.ਡੀ.ਡੀ.ਬੀ ਨੂੰ ਭੇਜੇਗਾ।
- ਪੀ.ਡੀ.ਡੀ.ਬੀ ਵਲੋਂ ਘੋਖ ਉਪਰੰਤ ਯੋਗ ਪਾਏ ਗਏ ਲਾਭਪਾਤਰੀਆਂ ਦੇ ਬੈਂਕ ਖਾਤੇ ਵਿੱਚ ਸਬਸਿਡੀ ਜਮਾ ਕਰਵਾਈ ਜਾਵੇਗੀ।